# ਧੂੰਆਂ ਮੁਕਤ ਓਨਟੈਰੀਓ ਕਨੂੰਨ 2005

## ਕਨੂੰਨ ਕਿਵੇਂ ਪ੍ਰਭਾਵਿਤ ਕਰਦਾ ਹੈ: ਕੌਂਡੋਮੀਨਿਅਮਾਂ, ਅਪਾਰਟਮੈਂਟ ਭਵਨਾਂ ਅਤੇ ਕਾਲਜ਼ ਅਤੇ ਯੁਨੀਵਰਸਿਟੀ ਨਿਵਾਸਾਂ ਨੂੰ

### ਮੂਲ ਆਧਾਰ

- ਧੂੰਆਂ ਰਹਿਤ ਓਨਟੈਰੀਓ ਕਨੂੰਨ 31ਮਈ, 2006 ਨੂੰ ਲਾਗੂ ਹੋ ਰਿਹਾ ਹੈ।
- ਇਹ ਕਨੂੰਨ ਓਨਟੇਰੀਓ ਵਿੱਚ ਬੰਦ ਕੰਮ ਦੀਆਂ ਥਾਵਾਂ ਅਤੇ ਬੰਦ ਜਨਤਕ ਥਾਵਾਂ 'ਤੇ ਸਿਗਰੇਟ ਪੀਣ ਤੋਂ ਮਨਾਹੀ ਕਰਦਾ ਹੈ ਤਾਕਿ ਕਰਮਚਾਰੀਆਂ ਅਤੇ ਜਨਤਾ ਨੂੰ ਦੂਜੇ ਹੱਥ ਦੇ ਧੂਏਂ ਦੇ ਨੁਕਸਾਨਾਂ ਤੋਂ ਬਚਾਇਆ ਜਾ ਸਕੇ।

### ਕੌਂਡੋਮੀਨਿਅਮ, ਅਪਾਰਟਮੈਂਟ ਭਵਨ ਅਤੇ ਕਾਲਜ਼ ਅਤੇ ਯੁਨੀਵਰਸਿਟੀ ਨਿਵਾਸ

ਕੌਂਡੋਮੀਨਿਅਮ, ਅਪਾਰਟਮੈਂਟ ਭਵਨ ਅਤੇ ਕਾਲਜ਼ ਅਤੇ ਯੁਨੀਵਰਸਿਟੀ ਨਿਵਾਸ ਦੀਆਂ ਸਾਂਝੀਆਂ ਜਗਾਹਾਂ 'ਤੇ ਸਿਗਰੇਟ ਪੀਣਾ ਮਨ੍ਹਾਂ ਹੈ। ਸਾਂਝੀਆਂ ਜਗਾਹਾਂ ਦੇ ਉਦਾਹਰਣਾਂ ਵਿੱਚ ਸ਼ਾਮਲ ਹਨ ਲਿਫਟਾਂ, ਪੌੜੀਆਂ, ਹਾਲ ਕਮਰੇ, ਪਾਰਕਿੰਗ ਗਰਾਜ਼, ਲੈਂਡਰੀ ਸੁਵਿਧਾਵਾਂ, ਲਾਬੀਆਂ, ਕਸਰਤ ਦਾ ਖੇਤਰ ਅਤੇ ਪਾਰਟੀ ਜਾਂ ਮਨੋਰੰਜਨ ਕਮਰੇ।

### ਮਾਲਕ ਦੀਆਂ ਜ਼ੁੰਮੇਵਾਰੀਆਂ

- ਇਸ ਗੱਲ ਨੂੰ ਯਕੀਨੀ ਬਨਾਉਣਾ ਕਿ ਸਭ ਨੂੰ ਪਤਾ ਹੋਵੇ ਕਿ ਸਾਂਝੀਆਂ ਜਗਾਹਾਂ 'ਤੇ ਸਿਗਰੇਟ ਪੀਣਾ ਮਨਾ ਹੈ।
- ਐਸ਼ਟਰੇ ਅਤੇ ਹੋਰ ਚੀਜਾਂ ਜੋ ਐਸ਼ਟਰੇ ਦਾ ਕੰਮ ਕਰਦੀਆਂ ਹਨ ਹਟਾ ਦਿਓ।
- ਇਸ ਗੱਲ ਨੂੰ ਯਕੀਨੀ ਬਨਾਓ ਕਿ ਇਹਨਾਂ ਨਿਵਾਸਾਂ ਦੀਆਂ ਸਾਂਝੀਆਂ ਜਗਾਹਾਂ 'ਤੇ ਕੋਈ ਸਿਗਰੇਟ ਨਾ ਪੀਵੇ।
- *ਧੂਮਰਪਾਣ ਮਨਾਂ ਹੈ* ਨਿਸ਼ਾਨ ਸਾਰੇ ਪ੍ਰਵੇਸ਼ ਅਤੇ ਨਿਕਾਸ ਦਰਵਾਜਿਆਂ, ਗੁਸਲਖਾਨਿਆਂ ਅਤੇ ਹੋਰ ਸਹੀ ਜਗਾਹਾਂ ਉੱਤੇ ਲਗਾਉਣੇ ਚਾਹੀਦੇ ਹਨ। ਨਿਸ਼ਾਨ ਲੈਣ ਲਈ ਜਾਨਕਾਰੀ ਲਈ ਕਿਰਪਾ ਕਰ ਕੇ ਸਥਾਨਕ ਜਨਤੱਕ ਸੇਹਤ ਇਕਾਈ ਨਾਲ ਸੰਪਰਕ ਕਰੋ।

### ਪਾਲਣਾ

ਸਥਾਨੀਕ ਜਨਤੱਕ ਸੇਹਤ ਇਕਾਈਆਂ ਕਨੂੰਨ ਦੀ ਪਾਲਣਾ ਕਰਵਾਉਣ ਲਈ ਅਪਾਰਟਮੈਂਟਾਂ, ਕੌਂਡੋਮਿਨਿਅਮਾਂ ਅਤੇ ਕਾਲਜ ਅਤੇ ਯੁਨੀਵਰਸਿਟੀ ਭਵਨਾਂ ਵਿੱਚ ਜਾ ਕੇ ਵੇਖਣਗੀਆਂ ਅਤੇ ਸ਼ਿਕਾਇਤਾਂ ਦੀ ਪੁੱਛ ਪੜਤਾਲ ਕਰਣਗੀਆਂ।

### ਜੁਰਮਾਨੇ

ਕਨੂੰਨ ਦੇ ਇਸ ਭਾਗ ਦੀ ਉਲੰਘਨਾਂ ਕੋਈ ਵੱਧ ਤੋਂ ਵੱਧ ਕਾਰਪੋਰੇਟ ਜੁਰਮਾਨਾ ਨਹੀਂ ਲਿਖਿਆ ਗਿਆ ਹੈ, ਇਸ ਦਾ ਮਤਲਬ ਹੈ ਕਿ ਜੁਰਮਾਨੇ ਦੀ ਰਕਮ ਨਿਆਂ ਅਦਾਲਤ 'ਤੇ ਨਿਰਭਰ ਕਰੇਗੀ। ਇੱਕ ਵਿਅਕਤੀ ਨੂੰ ਵੱਧ ਤੋਂ ਵੱਧ $5,000 ਦਾ ਜ਼ੁਰਮਾਨਾ ਹੋ ਸਕਦਾ ਹੈ।

ਇਹ ਤੱਤ ਸ਼ੀਟ ਕੇਵਲ ਜ਼ਲਦੀ ਦੇਖਣ ਦੇ ਕੰਮ ਆਉਣ ਲਈ ਹੈ। ਜਿਆਦਾ ਜਾਣਕਾਰੀ ਲਈ, ਕਿਰਪਾ ਕਰ ਕੇ ਅਪਣੀ ਸਥਾਨੀਕ ਜਨਤੱਕ ਸੇਹਤ ਇਕਾਈ ਨਾਲ ਸੰਪਰਕ ਕਰੋ।

Ontario

ਤੁਸੀਂ ਮੁਫ਼ਤ ਫ਼ੋਨ ਕਰ ਕੇ ਵੀ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ:

- **ਇੰਫੋਲਾਇਨ** 1-866-396-1760
- **ਉੱਚਾ ਸੁਨਣ ਵਾਲਿਆਂ ਲਈ** 1-800-387-5559

ਕੰਮ ਦਾ ਸਮਾਂ: ਸੋਮਵਾਰ ਤੋਂ ਸ਼ੁੱਕਰਵਾਰ, 8:30 ਵਜੇ ਸਵੇਰ ਤੋਂ 5:00 ਵਜੇ ਸ਼ਾਮ

ਧੂੰਆਂ ਰਹਿਤ ਓਨਟੈਰੀਓ ਕਨੂੰਨ ਦੀ ਹੋਰ ਜਾਣਕਾਰੀ ਲਈ, ਕਿਰਪਾ ਕਰ ਕੇ ਓਨਟੈਰੀਓ ਸੇਹਤ ਉੱਨਤੀ ਮੰਤਰਾਲੇ ਦੀ ਵੇਬਸਾਇਟ ਤੇ ਜਾਓ: http://www.mhp.gov.on.ca/english/health/smoke_free/legislation.asp.

ਮਈ 2006



Ontario